# <u>ਧੋਖੇਬਾਜ਼ਾਂ ਤੋਂ ਸਾਵਧਾਨ ਰਹੋ: ਉਪਭੋਗਤਾਵਾਂ ਲਈ ਸਮਝਦਾਰ ਸੁਝਾਅ</u>

## 1. ਫਿਸ਼ਿੰਗ (ਧੋਖਾਧੜੀ) SMS ਅਤੇ ਈਮੇਲ ਤੋਂ ਬਚਣ ਲਈ ਸਮਝਦਾਰ ਸੁਝਾਅ

HKMA ਦੀ ਨਿਗਰਾਨੀ ਸੰਬੰਧੀ ਲੋੜਾਂ ਅਨੁਸਾਰ, ਬੈਂਕ ਕਦੇ ਵੀ ਅਜਿਹੇ SMS ਜਾਂ ਈਮੇਲ ਨਹੀਂ ਭੇਜਦੇ ਜਿਨ੍ਹਾਂ ਵਿੱਚ ਸ਼ਾਮਲ ਕੀਤੇ ਹਾਇਪਰਲਿੰਕ ਹੁੰਦੇ ਹੋਣ ਜੋ ਗਾਹਕਾਂ ਨੂੰ ਲੈਣ-ਦੇਣ ਕਰਨ ਲਈ ਉਨ੍ਹਾਂ ਦੀ ਵੈੱਬਸਾਈਟ ਜਾਂ ਮੋਬਾਇਲ ਐਪਲੀਕੇਸ਼ਨ 'ਤੇ ਲੈ ਜਾਣ। ਇਸੇ ਤਰ੍ਹਾਂ, ਬੈਂਕ ਹਾਇਪਰਲਿੰਕਾਂ ਰਾਹੀਂ ਲਾਗਇਨ ਪਾਸਵਰਡ, OTP ਜਾਂ ਹੋਰ ਸੰਵੇਦਨਸ਼ੀਲ ਨਿੱਜੀ ਜਾਣਕਾਰੀ ਦੇਣ ਲਈ ਵੀ ਨਹੀਂ ਕਹਿੰਦੇ।

ਜੇਕਰ ਤੁਹਾਨੂੰ ਅਜਿਹੇ SMS ਜਾਂ ਈਮੇਲ ਮਿਲਣ ਜਿਨ੍ਹਾਂ ਵਿੱਚ ਸ਼ਾਮਲ ਕੀਤੇ ਹਾਇਪਰਲਿੰਕ ਹੋਣ ਅਤੇ ਤੁਹਾਨੂੰ ਇੰਟਰਨੈੱਟ ਬੈਂਕਿੰਗ ਦੇ ਲਾਗਇਨ ਵੇਰਵੇ ਭਰਨ ਲਈ ਕਿਹਾ ਜਾਵੇ, ਤਾਂ ਅਜਿਹੇ ਮੈਸੇਜ ਬੈਂਕ ਵੱਲੋਂ ਨਹੀਂ ਹੁੰਦੇ। ਬੈਂਕ ਦੇ ਨਾਮ ਨਾਲ ਆਏ ਕਿਸੇ ਵੀ ਹਾਇਪਰਲਿੰਕ ’ਤੇ ਕਲਿੱਕ ਕਰਨ ਤੋਂ ਪਹਿਲਾਂ ਦੋ ਵਾਰ ਸੋਚੋ। ਜੇ SMS ਜਾਂ ਈਮੇਲ ਵਿੱਚ ਦਿੱਤੇ ਹਾਇਪਰਲਿੰਕ (ਜਾਂ ਅਟੈਚਮੈਂਟ) ਸ਼ੱਕੀ ਲੱਗਣ, ਤਾਂ ਹਾਈਪਰਲਿੰਕ ’ਤੇ ਕਲਿੱਕ ਨਾ ਕਰੋ (ਜਾਂ ਅਟੈਚਮੈਂਟ ਨਾ ਖੋਲ੍ਹੋ)। ਇੰਟਰਨੈੱਟ ਬੈਂਕਿੰਗ ਹਮੇਸ਼ਾ ਬੈਂਕ ਦੀ ਵੈੱਬਸਾਈਟ ਦਾ ਪਤਾ ਸਿੱਧਾ ਟਾਈਪ ਕਰਕੇ, ਬੁੱਕਮਾਰਕ ਦੀ ਵਰਤੋਂ ਕਰਕੇ, ਜਾਂ ਇੰਟਰਨੈੱਟ ਬੈਂਕਿੰਗ ਮੋਬਾਇਲ ਐਪਲੀਕੇਸ਼ਨ (ਐਪ) ਰਾਹੀਂ ਵਰਤੋ।

ਜੇ ਕੋਈ ਸਵਾਲ ਹੋਵੇ, ਤਾਂ ਬੈਂਕ ਗਾਹਕ ਹੋਰ ਮਾਧਿਅਮਾਂ ਰਾਹੀਂ (ਜਿਵੇਂ ਬੈਂਕ ਦੀ ਗਾਹਕ ਸੇਵਾ ਹੌਟਲਾਈਨ) ਸੰਬੰਧਤ ਬੈਂਕ ਨਾਲ ਸੰਪਰਕ ਕਰਕੇ SMS ਜਾਂ ਈਮੇਲ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰ ਸਕਦੇ ਹਨ।

ਇੰਟਰਨੈੱਟ ਬੈਂਕਿੰਗ ਦੇ ਲਾਗਇਨ ਵੇਰਵੇ, ਜਿਸ ਵਿੱਚ ਯੂਜ਼ਰ ਨੇਮ, ਲਾਗਇਨ ਪਾਸਵਰਡ ਅਤੇ ਵਨ-ਟਾਈਮ ਪਾਸਵਰਡ (OTP) ਸ਼ਾਮਲ ਹਨ, ਡਿਜ਼ਿਟਲ ਦੁਨੀਆ ਵਿੱਚ ਓਨੇ ਹੀ ਮਹੱਤਵਪੂਰਨ ਹਨ ਜਿੰਨੇ ਕਿ ਭੌਤਿਕ ਦੁਨੀਆ ਵਿੱਚ ਘਰ ਦੀਆਂ ਚਾਬੀਆਂ ਹੁੰਦੀਆਂ ਹਨ, ਅਤੇ ਇਨ੍ਹਾਂ ਦੀ ਢੰਗ ਨਾਲ ਸੁਰੱਖਿਆ ਕੀਤੀ ਜਾਣੀ ਚਾਹੀਦੀ ਹੈ।

## 2. ਬੈਂਕਾਂ ਤੋਂ ਕਥਿਤ ਤੌਰ 'ਤੇ ਫਿਸ਼ਿੰਗ ਈਮੇਲਾਂ ਦਾ ਨਮੂਨਾ

<u>ਪੰਜ ਆਮ ਵਿਸ਼ੇਸ਼ਤਾਵਾਂ:</u>

1. ਪ੍ਰਾਪਤਕਰਤਾ ਦਾ ਨਾਮ ਦਰਜ ਨਹੀਂ ਹੁੰਦਾ (ਭਾਵ ਪ੍ਰਾਪਤਕਰਤਾ ਅਣਜਾਣ ਦੱਸਿਆ ਜਾਂਦਾ ਹੈ)।
2. ਭੇਜਣ ਵਾਲੇ ਦਾ ਨਾਮ ਅਤੇ ਈਮੇਲ ਪਤਾ ਸਬੰਧਤ ਬੈਂਕ ਦੀ ਅਸਲ ਜਾਣਕਾਰੀ ਨਾਲ ਬਿਲਕੁਲ ਮਿਲਦਾ–ਜੁਲਦਾ ਹੋ ਸਕਦਾ ਹੈ।
3. ਈਮੇਲ ਆਮ ਤੌਰ ’ਤੇ ਬੈਂਕ ਵੱਲੋਂ ਕੋਈ ਮਹੱਤਵਪੂਰਨ ਸੂਚਨਾ ਵਜੋਂ ਦਿਖਾਈ ਦਿੰਦੀ ਹੈ (ਉਦਾਹਰਨ ਵਜੋਂ “ਗਾਹਕ ਦੇ ਖਾਤੇ ਵਿੱਚ ਵੱਡੀ ਰਕਮ ਦੇ ਫੰਡ ਟ੍ਰਾਂਸਫ਼ਰ ਬਾਰੇ ਸੂਚਨਾ” ਜਾਂ “ਗਾਹਕ ਨੂੰ ਨਵਾਂ ਸੁਰੱਖਿਆ ਫੰਕਸ਼ਨ ਐਕਟੀਵੇਟ ਕਰਨ ਦੀ

ਬੇਨਤੀ, ਨਹੀਂ ਤਾਂ ਕਿਸੇ ਖਾਸ ਬੈਂਕਿੰਗ ਸੇਵਾ (ਜਿਵੇਂ ਕਿ ਫੰਡ ਟ੍ਰਾਂਸਫ਼ਰ ਸੇਵਾ) ਨੂੰ ਰੱਦ ਕਰ ਦਿੱਤਾ ਜਾਵੇਗਾ")। ਗਾਹਕ ਨੂੰ ਈਮੇਲ ਵਿੱਚ ਦਿੱਤੇ ਹਾਇਪਰਲਿੰਕ 'ਤੇ ਕਲਿੱਕ ਕਰਨ ਜਾਂ ਅਟੈਚਮੈਂਟ ਖੋਲ੍ਹਣ ਲਈ ਕਿਹਾ ਜਾਂਦਾ ਹੈ।

4. ਈਮੇਲ ਵਿੱਚ ਆਮ ਤੌਰ 'ਤੇ ਇੱਕ ਹਾਇਪਰਲਿੰਕ ਹੁੰਦਾ ਹੈ ਜੋ ਬੈਂਕ ਦੀ ਅਸਲ ਵੈੱਬਸਾਈਟ ਦੇ ਪਤੇ ਵਰਗਾ ਲੱਗਦਾ ਹੈ। ਪਰ ਜਦੋਂ ਤੁਸੀਂ ਹਾਇਪਰਲਿੰਕ 'ਤੇ ਮਾਊਸ ਲੈ ਕੇ ਜਾਂਦੇ ਹੋ, ਤਾਂ ਪਤਾ ਲੱਗਦਾ ਹੈ ਕਿ ਅਸਲ ਵਿੱਚ ਉਸ ਵਿੱਚ ਸ਼ਾਮਲ ਕੀਤਾ ਗਿਆ ਹਾਇਪਰਲਿੰਕ ਕੋਈ ਹੋਰ URL ਹੁੰਦਾ ਹੈ।

5. ਈਮੇਲ ਵਿੱਚ ਵਿਆਕਰਨ ਸਬੰਧੀ ਗਲਤੀਆਂ ਜਾਂ ਟਾਈਪਿੰਗ ਦੀਆਂ ਗਲਤੀਆਂ ਮਿਲ ਸਕਦੀਆਂ ਹਨ।

<u>ਦੋਸਤਾਨਾ ਯਾਦ-ਪੱਤਰ:</u>

ਜੇ ਈਮੇਲ ਬਾਰੇ ਕੋਈ ਸ਼ੱਕ ਹੋਵੇ, ਤਾਂ ਬੈਂਕ ਦੇ ਅਧਿਕਾਰਤ ਮਾਧਿਅਮਾਂ (ਜਿਵੇਂ ਵੈੱਬਸਾਈਟ, ਪੱਤਰ ਜਾਂ ਪ੍ਰਚਾਰ ਸਮੱਗਰੀ) ਰਾਹੀਂ ਦਿੱਤੀ ਗਈ ਬੈਂਕ ਦੀ ਗਾਹਕ ਸੇਵਾ ਹੌਟਲਾਈਨ 'ਤੇ ਸੰਪਰਕ ਕਰਕੇ ਪੁਸ਼ਟੀ ਕਰੋ, ਭਾਵੇਂ ਈਮੇਲ ਵਿੱਚ ਕੋਈ ਫ਼ੋਨ ਨੰਬਰ ਦਰਸਾਇਆ ਗਿਆ ਹੋਵੇ।

ਹੈਕਰ ਈਮੇਲ ਨੂੰ ਹੋਰ ਅਸਲੀ ਦਿਖਾਉਣ ਲਈ ਫ਼ਿਸ਼ਿੰਗ ਈਮੇਲ ਦੇ ਹੇਠਾਂ ਕੁਝ ਸੁਰੱਖਿਆ ਸੰਬੰਧੀ ਸੁਝਾਅ ਵੀ ਸ਼ਾਮਲ ਕਰ ਸਕਦੇ ਹਨ।

### 3. ਕ੍ਰੈਡਿਟ ਕਾਰਡ ਧੋਖਾਧੜੀ ਤੋਂ ਬਚਾਅ ਲਈ ਸਮਝਦਾਰ ਸੁਝਾਅ

ਕ੍ਰੈਡਿਟ ਕਾਰਡ ਨਾਲ ਸੰਬੰਧਿਤ ਧੋਖਾਧੜੀਆਂ ਸਮੇਂ–ਸਮੇਂ 'ਤੇ ਹੁੰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿੱਚ ਠੱਗਾਂ ਵੱਲੋਂ ਨਵੇਂ ਤਰੀਕੇ ਅਤੇ ਵੱਖ–ਵੱਖ ਧੋਖੇਬਾਜ਼ ਚਾਲਾਂ ਵਰਤੀਆਂ ਜਾਂਦੀਆਂ ਹਨ। ਕ੍ਰੈਡਿਟ ਕਾਰਡ ਘੁਟਾਲਿਆਂ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਹਮੇਸ਼ਾ ਸਾਵਧਾਨ ਰਹੋ ਅਤੇ ਆਪਣੇ ਕਾਰਡ ਦੀ ਜਾਣਕਾਰੀ ਦੀ ਸੁਰੱਖਿਆ ਕਰੋ। ਇੱਕ ਸਮਝਦਾਰ ਕ੍ਰੈਡਿਟ ਕਾਰਡ ਉਪਭੋਗਤਾ ਵਜੋਂ, ਤੁਹਾਨੂੰ ਹੇਠ ਲਿਖੇ ਸੁਝਾਵਾਂ 'ਤੇ ਧਿਆਨ ਦੇਣਾ ਚਾਹੀਦਾ ਹੈ:

- ਆਪਣੇ ਕ੍ਰੈਡਿਟ ਕਾਰਡਾਂ, ਕਾਰਡ ਡਾਟਾ ਅਤੇ ਸੰਬੰਧਿਤ ਪ੍ਰਮਾਣਿਕਤਾ ਤੱਤਾਂ (ਜਿਵੇਂ ਕਿ ਵਨ–ਟਾਈਮ ਪਾਸਵਰਡ, ਮੋਬਾਇਲ ਡਿਵਾਈਸ ਆਦਿ) ਦੀ ਸੁਰੱਖਿਆ ਵਿੱਚ ਢੁਕਵਾਂ ਧਿਆਨ ਅਤੇ ਸਾਵਧਾਨੀਆਂ ਵਰਤੋ।
- ਆਪਣੇ ਕ੍ਰੈਡਿਟ ਕਾਰਡ ਦੀ ਜਾਣਕਾਰੀ ਕਿਸੇ ਤੀਜੇ ਪੱਖ ਨਾਲ ਸਾਂਝੀ ਨਾ ਕਰੋ, ਜਿਸ ਵਿੱਚ ਕਾਰਡ ਨੰਬਰ, ਮਿਆਦ ਪੁੱਗਣ ਦੀ ਮਿਤੀ, ਸੁਰੱਖਿਆ ਕੋਡ (ਜੋ ਆਮ ਤੌਰ 'ਤੇ ਕਾਰਡ ਦੇ ਪਿੱਛੇ ਦਸਤਖ਼ਤ ਵਾਲੇ ਖਾਨੇ ਦੇ ਕੋਲ ਛਪਿਆ ਹੁੰਦਾ ਹੈ) ਅਤੇ ਵਨ–ਟਾਈਮ ਪਾਸਵਰਡ ਸ਼ਾਮਲ ਹਨ।
- ਲੈਣ–ਦੇਣ ਨੂੰ ਅਧਿਕਾਰਤ ਕਰਨ ਲਈ ਨਿੱਜੀ ਅਤੇ ਕ੍ਰੈਡਿਟ ਕਾਰਡ ਜਾਣਕਾਰੀ ਦੇਣ ਤੋਂ ਪਹਿਲਾਂ ਵਪਾਰੀਆਂ ਅਤੇ ਵੈੱਬਸਾਈਟਾਂ ਦੀ ਅਸਲੀਅਤ ਦੀ ਪੁਸ਼ਟੀ ਕਰੋ (ਜਿਵੇਂ ਕਿ ਹਾਂਗ ਕਾਂਗ ਪੁਲਿਸ ਫੋਰਸ ਦੇ "ਸਕੈਮੀਟਰ" ਰਾਹੀਂ ਜੋਖਮ ਪੱਧਰ/ਚੇਤਾਵਨੀਆਂ ਦੀ ਜਾਂਚ ਕਰੋ), ਅਤੇ ਕਿਸੇ ਵੀ ਸ਼ੱਕੀ ਕਾਲ, SMS ਜਾਂ ਈਮੇਲ ਤੋਂ ਸਾਵਧਾਨ ਰਹੋ (ਜਿਵੇਂ ਕਿ

ਫ਼ਿਸ਼ਿੰਗ ਮੈਸੇਜ ਅਕਸਰ ਭਰੋਸੇਯੋਗ ਕੰਪਨੀਆਂ, ਵਪਾਰੀਆਂ ਜਾਂ ਬੈਂਕਾਂ ਵੱਲੋਂ ਭੇਜੇ ਹੋਏ ਦੱਸੇ ਜਾਂਦੇ ਹਨ, ਜਿਨ੍ਹਾਂ ਦਾ ਟੈਕਸਟ ਅਤੇ ਬ੍ਰਾਂਡ ਲੋਗੋ ਬਹੁਤ ਮਿਲਦੇ–ਜੁਲਦੇ ਹੁੰਦੇ ਹਨ, ਅਤੇ ਇਨ੍ਹਾਂ ਵਿੱਚ ਅਕਸਰ ਜਾਅਲੀ ਵੈੱਬਸਾਈਟਾਂ ਵੱਲ ਲਿਜਾਣ ਵਾਲੇ ਹਾਇਪਰਲਿੰਕ ਸ਼ਾਮਲ ਹੁੰਦੇ ਹਨ, ਜੋ ਕਾਰਡਧਾਰਕਾਂ ਨੂੰ ਕ੍ਰੈਡਿਟ ਕਾਰਡ ਅਤੇ ਸੰਵੇਦਨਸ਼ੀਲ ਨਿੱਜੀ ਜਾਣਕਾਰੀ ਦੇਣ ਲਈ ਉਕਸਾਉਂਦੇ ਹਨ)।

- SMS ਰਾਹੀਂ ਮਿਲੇ ਵਨ–ਟਾਈਮ ਪਾਸਵਰਡ ਦੇ ਵੇਰਵਿਆਂ ਦੀ ਧਿਆਨ ਨਾਲ ਜਾਂਚ ਕਰੋ, ਜਿਸ ਵਿੱਚ ਸੰਬੰਧਿਤ ਲੈਣ–ਦੇਣ ਦੀ ਜਾਣਕਾਰੀ (ਜਿਵੇਂ ਲੈਣ–ਦੇਣ ਦੀ ਕਿਸਮ, ਵਪਾਰੀ ਦਾ ਨਾਮ, ਲੈਣ-ਦੇਣ ਦੀ ਰਕਮ ਅਤੇ ਮੁਦਰਾ ਆਦਿ) ਸ਼ਾਮਲ ਹੁੰਦੀ ਹੈ, ਅਤੇ ਸਮਾਰਟਫ਼ੋਨ ਦੇ ਆਟੋਫ਼ਿਲ ਫੀਚਰ ਦੀ ਵਰਤੋਂ ਕਰਦੇ ਸਮੇਂ ਖਾਸ ਸਾਵਧਾਨੀ ਵਰਤੋ। SMS ਵਿੱਚ ਦਿੱਤੇ ਲੈਣ–ਦੇਣ ਦੇ ਵੇਰਵੇ ਜਾਂਚੇ ਬਿਨਾਂ ਕਦੇ ਵੀ ਵਨ–ਟਾਈਮ ਪਾਸਵਰਡ ਦਰਜ ਨਾ ਕਰੋ ਅਤੇ ਲੈਣ–ਦੇਣ ਅੱਗੇ ਨਾ ਵਧਾਓ। ਜਦੋਂ ਇੱਕ ਵਾਰ ਕਾਰਡ ਦੀ ਜਾਣਕਾਰੀ (ਵਨ–ਟਾਈਮ ਪਾਸਵਰਡ ਸਮੇਤ) ਦਰਜ ਹੋ ਜਾਂਦੀ ਹੈ, ਤਾਂ ਲੈਣ–ਦੇਣ ਰੱਦ ਨਹੀਂ ਕੀਤਾ ਜਾ ਸਕਦਾ ਅਤੇ ਗਾਹਕ ਲੈਣ-ਦੇਣ ਦੀ ਜ਼ਿੰਮੇਵਾਰੀ ਲਈ ਜਵਾਬਦੇਹ ਹੋ ਸਕਦਾ ਹੈ।
- ਜਦੋਂ ਤੁਸੀਂ ਕਿਸੇ ਕ੍ਰੈਡਿਟ ਕਾਰਡ ਨੂੰ ਸੰਪਰਕ ਰਹਿਤ ਮੋਬਾਇਲ ਭੁਗਤਾਨ ਸੇਵਾ (ਜਿਵੇਂ ਐਪਲ ਪੇ, ਗੂਗਲ ਪੇ) ਨਾਲ ਜੋੜਦੇ ਹੋ, ਤਾਂ ਬੈਂਕ ਤੁਹਾਡੇ ਬੈਂਕ ਨਾਲ ਦਰਜ ਮੋਬਾਇਲ ਨੰਬਰ ’ਤੇ ਇੱਕ ਬਾਈਡਿੰਗ ਸੂਚਨਾ ਭੇਜੇਗਾ, ਜਿਸ ਵਿੱਚ ਦੱਸਿਆ ਜਾਵੇਗਾ ਕਿ ਕ੍ਰੈਡਿਟ ਕਾਰਡ ਕਿਸ ਸੰਪਰਕ ਰਹਿਤ ਮੋਬਾਇਲ ਭੁਗਤਾਨ ਸੇਵਾ ਨਾਲ ਜੋੜਿਆ ਗਿਆ ਹੈ। ਤੁਹਾਨੂੰ ਇਸ ਬਾਈਡਿੰਗ ਸੂਚਨਾ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਜੇਕਰ ਤੁਸੀਂ ਅਜਿਹੀ ਬਾਈਡਿੰਗ ਹਦਾਇਤ ਨਹੀਂ ਦਿੱਤੀ ਹੈ, ਤਾਂ ਤੁਰੰਤ ਕਾਰਡ ਜਾਰੀ ਕਰਨ ਵਾਲੇ ਬੈਂਕ ਨੂੰ ਸੂਚਿਤ ਕਰੋ। ਇੱਕ ਵਾਰ ਬਾਈਡਿੰਗ ਸਫਲਤਾਪੂਰਵਕ ਹੋ ਜਾਣ ’ਤੇ, ਅਗਲੇ ਲੈਣ–ਦੇਣ ਲਈ ਵਨ–ਟਾਈਮ ਪਾਸਵਰਡ ਦੀ ਲੋੜ ਨਹੀਂ ਪੈ ਸਕਦੀ।
- ਬੈਂਕਾਂ ਵੱਲੋਂ ਭੇਜੇ ਗਏ ਸੰਚਾਰ ਮੈਸੇਜ (ਜਿਵੇਂ ਈਮੇਲਾਂ, SMS ਆਦਿ) ’ਤੇ ਹਮੇਸ਼ਾ ਧਿਆਨ ਦਿਓ। ਸਮੇਂ–ਸਮੇਂ ’ਤੇ ਕ੍ਰੈਡਿਟ ਕਾਰਡ ਦੇ ਲੈਣ–ਦੇਣ ਦੇ ਰਿਕਾਰਡ ਜਾਂਚੋ ਅਤੇ ਆਪਣੇ ਮਹੀਨਾਵਾਰ ਸਟੇਟਮੈਂਟਾਂ ਦੀ ਪੁਸ਼ਟੀ ਕਰੋ। ਜੇਕਰ ਕੋਈ ਵੀ ਸ਼ੱਕੀ ਜਾਂ ਬਿਨਾਂ ਮਨਜ਼ੂਰੀ ਦੇ ਲੈਣ–ਦੇਣ ਨਜ਼ਰ ਆਵੇ, ਰਕਮ ਚਾਹੇ ਕਿੰਨੀ ਵੀ ਹੋਵੇ, ਤੁਰੰਤ ਆਪਣੇ ਕਾਰਡ ਜਾਰੀ ਕਰਨ ਵਾਲੇ ਬੈਂਕ ਨੂੰ ਰਿਪੋਰਟ ਕਰੋ।
- ਜੇਕਰ ਤੁਹਾਡਾ ਕ੍ਰੈਡਿਟ ਕਾਰਡ ਗੁੰਮ ਹੋ ਜਾਂਦਾ ਹੈ, ਤੁਹਾਨੂੰ ਸ਼ੱਕ ਹੋਵੇ ਕਿ ਤੁਹਾਡਾ ਕਾਰਡ ਜਾਂ ਕਾਰਡ ਦੀ ਜਾਣਕਾਰੀ ਚੋਰੀ ਹੋ ਗਈ ਹੈ, ਜਾਂ ਤੁਹਾਨੂੰ ਸ਼ੱਕ ਹੋਵੇ ਕਿ ਤੁਹਾਡਾ ਕਾਰਡ ਕਿਸੇ ਸ਼ੱਕੀ ਮੋਬਾਇਲ ਡਿਵਾਈਸ ਨਾਲ ਜੋੜਿਆ ਗਿਆ ਹੈ, ਤਾਂ ਤੁਰੰਤ ਆਪਣੇ ਕਾਰਡ ਜਾਰੀ ਕਰਨ ਵਾਲੇ ਬੈਂਕ ਅਤੇ ਪੁਲਿਸ ਨੂੰ ਸੂਚਿਤ ਕਰੋ।

ਜੇਕਰ ਤੁਸੀਂ ਆਪਣੇ ਕ੍ਰੈਡਿਟ ਕਾਰਡਾਂ ਅਤੇ ਕਾਰਡ ਦੀ ਜਾਣਕਾਰੀ ਦੀ ਠੀਕ ਤਰ੍ਹਾਂ ਵਰਤੋਂ ਜਾਂ ਸੁਰੱਖਿਆ ਨਹੀਂ ਕਰਦੇ, ਤਾਂ ਠੱਗ ਇਸ ਮੌਕੇ ਦਾ ਫ਼ਾਇਦਾ ਉਠਾ ਕੇ ਧੋਖਾਧੜੀ ਕਰ ਸਕਦੇ ਹਨ (ਜਿਵੇਂ ਕਿ ਅਣਅਧਿਕਾਰਤ ਕ੍ਰੈਡਿਟ ਕਾਰਡ ਲੈਣ-ਦੇਣ ਕਰਨ ਲਈ ਤੁਹਾਡੇ ਕਾਰਡ ਚੋਰੀ ਕਰ ਸਕਦੇ ਹਨ), ਜਿਸ ਨਾਲ ਤੁਹਾਨੂੰ ਵਿੱਤੀ ਨੁਕਸਾਨ ਹੋ ਸਕਦਾ ਹੈ। ਸੰਖੇਪ ਵਿੱਚ, ਕ੍ਰੈਡਿਟ ਕਾਰਡ ਘੁਟਾਲਿਆਂ ਤੋਂ ਬਚਣ ਲਈ ਆਪਣੇ ਕਾਰਡ ਅਤੇ ਕਾਰਡ ਦੀ ਜਾਣਕਾਰੀ ਦੀ ਸੁਰੱਖਿਆ ਕਰਨਾ ਯਾਦ ਰੱਖੋ।

## 4. ਜਾਅਲੀ ਫ਼ੋਨ ਕਾਲਾਂ ਅਤੇ SMS ਮੈਸੇਜ ਤੋਂ ਬਚਾਅ ਲਈ ਸਮਝਦਾਰ ਸੁਝਾਅ

ਜਦੋਂ ਵੀ ਤੁਹਾਨੂੰ ਫ਼ੋਨ ਕਾਲਾਂ, SMS ਮੈਸੇਜ, ਈਮੇਲਾਂ, ਪੱਤਰ ਜਾਂ ਕਿਸੇ ਹੋਰ ਮਾਧਿਅਮ ਰਾਹੀਂ ਸੰਚਾਰ ਮਿਲੇ, ਜੋ ਆਪਣੇ ਆਪ ਨੂੰ ਬੈਂਕ ਵੱਲੋਂ ਭੇਜਿਆ ਹੋਇਆ ਦੱਸੇ, ਭਾਵੇਂ ਇਹ ਕਿਹਾ ਜਾਵੇ ਕਿ ਤੁਹਾਡਾ ਖਾਤਾ ਖਤਰੇ ਵਿੱਚ ਹੈ, ਦੱਸਿਆ ਗਿਆ ਹੈ ਕਿ ਤੁਹਾਡੇ ਕ੍ਰੈਡਿਟ ਕਾਰਡ ਰਾਹੀਂ ਲੈਣ–ਦੇਣ ਹੋ ਚੁੱਕੇ ਹਨ, ਜਾਂ ਤੁਹਾਨੂੰ ਪ੍ਰਚਾਰ ਕੀਤੇ ਜਾ ਰਹੇ ਉਤਪਾਦਾਂ ਵਿੱਚ ਕਿੰਨੀ ਵੀ ਦਿਲਚਸਪੀ ਹੀ ਕਿਉਂ ਨਾ ਹੋਵੇ, ਤਾਂ ਵੀ ਤੁਹਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

- ਕਾਲ ਕਰਨ ਵਾਲੇ ਜਾਂ ਮੈਸੇਜ ਭੇਜਣ ਵਾਲੇ ਦੀ ਪਛਾਣ ਦੀ ਪੁਸ਼ਟੀ ਕਰੋ;
- ਸਿਰਫ਼ ਆਉਣ ਵਾਲੀ ਕਾਲ ਦੇ ਡਿਸਪਲੇ ’ਤੇ ਭਰੋਸਾ ਕਰਕੇ ਕਾਲ ਕਰਨ ਵਾਲੇ ਦੀ ਅਸਲ ਪਛਾਣ ਨਿਰਧਾਰਤ ਕਰਨ ਤੋਂ ਬਚੋ, ਜਾਂ ਮੈਸੇਜ ਵਿੱਚ ਦਿੱਤੇ ਬੈਂਕ ਹੌਟਲਾਈਨ ਨੰਬਰਾਂ ’ਤੇ ਸਿੱਧਾ ਕਾਲ ਕਰਕੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਨ ਤੋਂ ਪਰਹੇਜ਼ ਕਰੋ; ਅਤੇ
- ਆਪਣੀ ਸੁਰੱਖਿਆ ਲਈ ਸੰਵੇਦਨਸ਼ੀਲ ਨਿੱਜੀ ਜਾਣਕਾਰੀ ਆਸਾਨੀ ਨਾਲ ਨਾ ਦਿਓ।

HKMA ਜਾਂ ਬੈਂਕ ਕਦੇ ਵੀ ਫ਼ੋਨ ਕਾਲਾਂ, ਈਮੇਲਾਂ ਜਾਂ SMS ਮੈਸੇਜ ਰਾਹੀਂ ਕੋਈ ਵੀ ਸੰਵੇਦਨਸ਼ੀਲ ਨਿੱਜੀ ਜਾਣਕਾਰੀ (ਜਿਵੇਂ ਲੌਗਇਨ ਪਾਸਵਰਡ ਜਾਂ ਵਨ–ਟਾਈਮ ਪਾਸਵਰਡ) ਨਹੀਂ ਮੰਗਦੇ ਹਨ। ਇਸ ਤੋਂ ਇਲਾਵਾ, ਉਹ ਪਹਿਲਾਂ ਤੋਂ ਰਿਕਾਰਡ ਕੀਤੇ ਵੌਇਸ ਮੈਸੇਜ ਰਾਹੀਂ ਖਾਤਿਆਂ ਵਿੱਚ ਗੜਬੜ ਬਾਰੇ ਕਿਸੇ ਨੂੰ ਸੂਚਿਤ ਨਹੀਂ ਕਰਦੇ। ਤੁਸੀਂ ਸਬੰਧਤ ਬੈਂਕਾਂ ਦੇ ਹੌਟਲਾਈਨ ਨੰਬਰ ਉਨ੍ਹਾਂ ਦੀਆਂ ਸਬੰਧਤ ਅਧਿਕਾਰਤ ਵੈੱਬਸਾਈਟਾਂ ’ਤੇ ਜਾਂ ਆਪਣੇ ATM/ਕ੍ਰੈਡਿਟ ਕਾਰਡਾਂ ਦੇ ਪਿੱਛੇ ਵੇਖ ਸਕਦੇ ਹੋ। ਤੁਸੀਂ ਹਾਂਗ ਕਾਂਗ ਐਸੋਸੀਏਸ਼ਨ ਆਫ਼ ਬੈਂਕਸ ਦੀ ਵੈੱਬਸਾਈਟ ’ਤੇ ਵੀ ਉਨ੍ਹਾਂ ਰਿਟੇਲ ਬੈਂਕਾਂ ਦੇ ਹੌਟਲਾਈਨ ਨੰਬਰਾਂ ਦੀ ਸੂਚੀ ਲੱਭ ਸਕਦੇ ਹੋ, ਜੋ ਆਪਣੇ ਆਪ ਨੂੰ ਬੈਂਕ ਪ੍ਰਤਿਨਿਧੀ ਦੱਸਣ ਵਾਲੇ ਕਾਲ ਕਰਨ ਵਾਲਿਆਂ ਦੀ ਪਛਾਣ ਦੀ ਪੁਸ਼ਟੀ ਲਈ ਵਰਤੇ ਜਾਂਦੇ ਹਨ। ਬੈਂਕ ਦੀ ਹੌਟਲਾਈਨ ’ਤੇ ਕਾਲ ਕਰਕੇ ਪੁਸ਼ਟੀ ਕਰਨ ਤੋਂ ਬਾਅਦ, ਗਾਹਕ ਲਈ ਪ੍ਰਕਿਰਿਆ ਜਾਰੀ ਰੱਖਣ ਦਾ ਸਭ ਤੋਂ ਸਮਝਦਾਰੀ ਵਾਲਾ ਤਰੀਕਾ ਬੈਂਕ ਤੋਂ ਪ੍ਰਾਪਤ ਫ਼ੋਨ ਨੰਬਰ ਦੀ ਵਰਤੋਂ ਕਰਕੇ ਅਜਿਹੇ ਬੈਂਕ ਦੇ ਪ੍ਰਤੀਨਿਧੀ ਨਾਲ ਸੰਪਰਕ ਕਰਨਾ ਹੈ।

## 5. ਕਾਲ ਕਰਨ ਵਾਲਿਆਂ ਅਤੇ ਬੈਂਕ ਹੌਟਲਾਈਨ ਨੰਬਰਾਂ ਦੀ ਪੁਸ਼ਟੀ

ਤੁਸੀਂ ਸਬੰਧਤ ਬੈਂਕਾਂ ਦੇ ਹੌਟਲਾਈਨ ਨੰਬਰ ਉਨ੍ਹਾਂ ਦੀਆਂ ਅਧਿਕਾਰਤ ਵੈੱਬਸਾਈਟਾਂ ’ਤੇ ਜਾਂ ਆਪਣੇ ATM/ਕ੍ਰੈਡਿਟ ਕਾਰਡਾਂ ਦੇ ਪਿੱਛੇ ਜਾਂਚ ਸਕਦੇ ਹੋ। ਤੁਸੀਂ ਹਾਂਗ ਕਾਂਗ ਐਸੋਸੀਏਸ਼ਨ ਆਫ਼ ਬੈਂਕਸ ਦੀ ਵੈੱਬਸਾਈਟ ’ਤੇ ਵੀ ਉਨ੍ਹਾਂ ਰਿਟੇਲ ਬੈਂਕਾਂ ਦੇ ਹਾਟਲਾਈਨ ਨੰਬਰਾਂ ਦੀ ਸੂਚੀ ਲੱਭ ਸਕਦੇ ਹੋ, ਜੋ ਆਪਣੇ ਆਪ ਨੂੰ ਬੈਂਕ ਪ੍ਰਤਿਨਿਧੀ ਦੱਸਣ ਵਾਲੇ ਕਾਲ ਕਰਨ ਵਾਲਿਆਂ ਦੀ ਪਛਾਣ ਦੀ ਪੁਸ਼ਟੀ ਲਈ ਉਪਲਬਧ ਹਨ।

**6. ਧੋਖਾਧੜੀ ਦੇ ਮਾਮਲਿਆਂ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ**

A. ਕੀ ਮੈਨੂੰ ਹਾਂਗ ਕਾਂਗ ਤੋਂ ਕਿਤੇ ਹੋਰ ਪੈਸੇ ਟ੍ਰਾਂਸਫਰ ਕਰਨ ਲਈ ਵਿੱਤੀ ਬੀਮਾ ਜਾਂ ਟ੍ਰਾਂਸਫਰ ਫੀਸ ਦਾ ਭੁਗਤਾਨ ਕਰਨ ਦੀ ਲੋੜ ਹੈ?

ਬੇਸਿਕ ਲਾ ਦੇ ਆਰਟਿਕਲ 112 ਅਨੁਸਾਰ, "ਹਾਂਗ ਕਾਂਗ ਵਿਸ਼ੇਸ਼ ਪ੍ਰਸ਼ਾਸਕੀ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਵਿਦੇਸ਼ੀ ਮੁਦਰਾ ਨਿਯੰਤਰਣ ਨੀਤੀ ਲਾਗੂ ਨਹੀਂ ਕੀਤੀ ਜਾਵੇਗੀ। ਹਾਂਗ ਕਾਂਗ ਡਾਲਰ ਆਜ਼ਾਦਾਨਾ ਤੌਰ 'ਤੇ ਪਰਿਵਰਤਨਯੋਗ ਹੋਵੇਗਾ। ਵਿਦੇਸ਼ੀ ਮੁਦਰਾ, ਸੋਨਾ, ਸੁਰੱਖਿਆ ਪੱਤਰ, ਫਿਊਚਰਜ਼ ਆਦਿ ਦੇ ਬਾਜ਼ਾਰ ਜਾਰੀ ਰਹਿਣਗੇ। ਹਾਂਗ ਕਾਂਗ ਵਿਸ਼ੇਸ਼ ਪ੍ਰਸ਼ਾਸਕੀ ਖੇਤਰ ਦੀ ਸਰਕਾਰ ਖੇਤਰ ਦੇ ਅੰਦਰ, ਅੰਦਰ ਆਉਣ ਅਤੇ ਬਾਹਰ ਜਾਣ ਵਾਲੀ ਪੂੰਜੀ ਦੇ ਮੁਕਤ ਪ੍ਰਵਾਹ ਦੀ ਰੱਖਿਆ ਕਰੇਗੀ।"
ਇਸ ਦਾ ਅਰਥ ਹੈ ਕਿ ਹਾਂਗ ਕਾਂਗ ਵਿੱਚ ਪੈਸਾ ਟ੍ਰਾਂਸਫਰ ਕਰਨ 'ਤੇ ਕੋਈ ਪਾਬੰਦੀ ਨਹੀਂ ਹੈ ਅਤੇ ਸਰਕਾਰ ਪੈਸੇ ਦੇ ਟ੍ਰਾਂਸਫਰ 'ਤੇ ਕਿਸੇ ਵੀ ਤਰ੍ਹਾਂ ਦੇ ਚਾਰਜ ਮੰਗ ਨਹੀਂ ਕਰਦੀ।

B. ਕੀ ਤੁਸੀਂ ਪੁਸ਼ਟੀ ਕਰ ਸਕਦੇ ਹੋ ਕਿ ਲਾਟਰੀ ਦੀ ਰਕਮ ਪ੍ਰਾਪਤ ਕਰਨ ਤੋਂ ਪਹਿਲਾਂ ਮੈਨੂੰ ਕਿਸੇ ਨਿਰਧਾਰਤ ਬੈਂਕ ਖਾਤੇ ਵਿੱਚ ਐਡਵਾਂਸ ਫੀਸ ਜਮ੍ਹਾਂ ਕਰਨ ਦੀ ਲੋੜ ਹੈ, ਜਿਸ ਲਾਟਰੀ ਦੇ ਜਿੱਤਣ ਬਾਰੇ ਮੈਨੂੰ ਦੱਸਿਆ ਗਿਆ ਹੈ?

ਸਾਨੂੰ ਸ਼ੱਕ ਹੈ ਕਿ ਤੁਸੀਂ ਧੋਖਾਧੜੀ ਦੇ ਮਾਮਲੇ ਦਾ ਸਾਹਮਣਾ ਕਰ ਰਹੇ ਹੋ। HKMA ਹਾਂਗ ਕਾਂਗ ਵਿੱਚ ਬੈਂਕਿੰਗ ਨਿਯੰਤਰਕ ਹੈ ਅਤੇ ਸਾਡਾ ਕਿਸੇ ਵੀ ਤਰ੍ਹਾਂ ਦੀ ਲਾਟਰੀ ਗਤੀਵਿਧੀ ਨਾਲ ਕੋਈ ਸੰਬੰਧ ਨਹੀਂ ਹੈ।

ਇਸ ਤੋਂ ਇਲਾਵਾ, ਬੇਸਿਕ ਲਾ ਦੇ ਆਰਟਿਕਲ 112 ਅਨੁਸਾਰ, "ਹਾਂਗ ਕਾਂਗ ਵਿਸ਼ੇਸ਼ ਪ੍ਰਸ਼ਾਸਕੀ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਵਿਦੇਸ਼ੀ ਮੁਦਰਾ ਨਿਯੰਤਰਣ ਨੀਤੀ ਲਾਗੂ ਨਹੀਂ ਕੀਤੀ ਜਾਵੇਗੀ। ਹਾਂਗ ਕਾਂਗ ਡਾਲਰ ਆਜ਼ਾਦਾਨਾ ਤੌਰ 'ਤੇ ਪਰਿਵਰਤਨਯੋਗ ਹੋਵੇਗਾ। ਵਿਦੇਸ਼ੀ ਮੁਦਰਾ, ਸੋਨਾ, ਸੁਰੱਖਿਆ ਪੱਤਰ, ਫਿਊਚਰਜ਼ ਆਦਿ ਦੇ ਬਾਜ਼ਾਰ ਜਾਰੀ ਰਹਿਣਗੇ। ਹਾਂਗ ਕਾਂਗ ਵਿਸ਼ੇਸ਼ ਪ੍ਰਸ਼ਾਸਕੀ ਖੇਤਰ ਦੀ ਸਰਕਾਰ ਖੇਤਰ ਦੇ ਅੰਦਰ, ਅੰਦਰ ਆਉਣ ਅਤੇ ਬਾਹਰ ਜਾਣ ਵਾਲੀ ਪੂੰਜੀ ਦੇ ਮੁਕਤ ਪ੍ਰਵਾਹ ਦੀ ਰੱਖਿਆ ਕਰੇਗੀ।" ਇਸ ਦਾ ਅਰਥ ਹੈ ਕਿ ਹਾਂਗ ਕਾਂਗ ਵਿੱਚ ਪੈਸਾ ਟ੍ਰਾਂਸਫਰ ਕਰਨ 'ਤੇ ਕੋਈ ਪਾਬੰਦੀ ਨਹੀਂ ਹੈ ਅਤੇ HKMA ਕਿਸੇ ਵੀ ਤਰ੍ਹਾਂ ਦੀ ਫੀਸ ਜਾਂ ਚਾਰਜ ਨਹੀਂ ਲਗਾਉਂਦਾ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਇਸ ਵਿੱਚ ਧੋਖਾਧੜੀ ਦੀ ਗਤੀਵਿਧੀ ਸ਼ਾਮਲ ਹੈ, ਤਾਂ ਤੁਸੀਂ ਮਾਮਲੇ ਦੀ ਰਿਪੋਰਟ ਸਿੱਧੇ ਤੌਰ 'ਤੇ ਸਥਾਨਕ ਪੁਲਿਸ ਸਟੇਸ਼ਨ ਜਾਂ ਹਾਂਗ ਕਾਂਗ ਪੁਲਿਸ ਫੋਰਸ ਦੇ ਵਪਾਰਕ ਅਪਰਾਧ ਬਿਊਰੋ ਨੂੰ ਕਰ ਸਕਦੇ ਹੋ।

C. ਜੇਕਰ ਮੈਨੂੰ ਸ਼ੱਕੀ ਧੋਖਾਧੜੀ ਵਾਲੀਆਂ ਬੈਂਕ ਈਮੇਲਾਂ ਜਾਂ ਫ਼ੋਨ ਕਾਲਾਂ ਮਿਲਣ, ਜਾਂ ਮੈਂ ਸ਼ੱਕੀ ਧੋਖਾਧੜੀ ਵਾਲੀਆਂ ਬੈਂਕ ਵੈੱਬਸਾਈਟਾਂ ਦੇਖਾਂ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?
ਜੇਕਰ ਤੁਹਾਨੂੰ ਕੋਈ ਵੀ ਸ਼ੱਕੀ ਮੈਸੇਜ ਮਿਲਣ ਜਾਂ ਤੁਸੀਂ ਕਿਸੇ ਵੀ ਅਜਿਹੀ ਵੈੱਬਸਾਈਟ ਦੀ ਪਛਾਣ ਕਰੋ ਜੋ ਆਪਣੇ ਆਪ ਨੂੰ ਬੈਂਕ ਨਾਲ ਸਬੰਧਤ ਦੱਸਦੀ ਹੋਵੇ, ਤਾਂ ਕਿਰਪਾ ਕਰਕੇ ਸਬੰਧਤ ਬੈਂਕ ਅਤੇ ਪੁਲਿਸ (ਚਾਹੇ ਸਥਾਨਕ ਪੁਲਿਸ ਸਟੇਸ਼ਨ ਹੋਵੇ ਜਾਂ ਵਪਾਰਕ ਅਪਰਾਧ ਬਿਊਰੋ) ਨਾਲ ਸੰਪਰਕ ਕਰਕੇ ਆਪਣੇ ਮਾਮਲੇ ਦੀ ਰਿਪੋਰਟ ਕਰੋ।

**“ਲਿੰਕ ’ਤੇ ਕਲਿੱਕ ਕਰੋ, ਧੋਖੇਬਾਜ਼ੀ ਵਿੱਚ ਫਸੋ!” (30-ਸਕਿੰਟ ਦਾ ਵੀਡੀਓ) - ਟ੍ਰਾਂਸਕ੍ਰਿਪਟ**

ਵੀਡੀਓ ਲਿੰਕ: https://www.youtube.com/watch?v=T1vEFnbiWh4

| **English** | | **Translation** | |
|---|---|---|---|
| Scammer: | Download the app to verify your information<br>or you will face detention | ਸਕੈਮਰ: | ਆਪਣੀ ਜਾਣਕਾਰੀ ਦੀ ਪੁਸ਼ਟੀ ਕਰਨ ਲਈ ਐਪ ਡਾਊਨਲੋਡ ਕਰੋ<br>ਨਹੀਂ ਤਾਂ ਤੁਹਾਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ |
| Superimposed text: | ...Download the app to verify your information, or you will face detention... | ਸਕਰੀਨ ’ਤੇ ਲਿਖਿਆ ਟੈਕਸਟ: | … ਆਪਣੀ ਜਾਣਕਾਰੀ ਦੀ ਪੁਸ਼ਟੀ ਕਰਨ ਲਈ ਐਪ ਡਾਊਨਲੋਡ ਕਰੋ<br>ਨਹੀਂ ਤਾਂ ਤੁਹਾਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ… |
| University student: | What? | ਯੂਨੀਵਰਸਿਟੀ ਵਿਦਿਆਰਥੀ: | ਕੀ? |
| Voice-over: | Think there’s a misunderstanding? | ਵੌਇਸ-ਓਵਰ: | ਲੱਗਦਾ ਹੈ ਕੋਈ ਗਲਤਫਹਮੀ ਹੋਈ ਹੈ? |
| Mother: | Why not find a part-time job? | ਮਾਂ: | ਪਾਰਟ-ਟਾਈਮ ਨੌਕਰੀ ਕਿਉਂ ਨਾ ਲੱਭੀਏ? |
| Son: | Mom! Look at this job! | ਪੁੱਤਰ: | ਮਾਂ! ਇਹ ਨੌਕਰੀ ਦੇਖੋ! |
| Voice-over: | Think you've found a dream job? | ਵੌਇਸ-ਓਵਰ: | ਕੀ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਸੁਪਨਿਆਂ ਦੀ ਨੌਕਰੀ ਮਿਲ ਗਈ ਹੈ? |

| | | | |
|---|---|---|---|
| Superimposed text: | ...Great jobs available.<br>Provide personal information<br>to facilitate salary payment... | ਸਕਰੀਨ ’ਤੇ ਲਿਖਿਆ ਟੈਕਸਟ: | …ਸ਼ਾਨਦਾਰ ਨੌਕਰੀਆਂ ਉਪਲਬਧ ਹਨ। ਤਨਖਾਹ ਦੇ ਭੁਗਤਾਨ ਦੀ ਸਹੂਲਤ ਲਈ ਨਿੱਜੀ ਜਾਣਕਾਰੀ ਦਿਓ… |
| Middle-aged woman: | Sure-win investment group<br>with insider tips and recommendations? | ਅੱਧਖੜ ਉਮਰ ਦੀ ਔਰਤ: | ਯਕੀਨੀ-ਜਿੱਤ ਵਾਲਾ ਨਿਵੇਸ਼ ਗਰੁੱਪ<br>ਅੰਦਰੂਨੀ ਸੁਝਾਅ ਅਤੇ ਸਿਫਾਰਸ਼ਾਂ ਨਾਲ? |
| Superimposed text: | …Sure-win investment group,<br>open your account now… | ਸਕਰੀਨ ’ਤੇ ਲਿਖਿਆ ਟੈਕਸਟ: | …ਯਕੀਨੀ-ਜਿੱਤ ਵਾਲਾ ਨਿਵੇਸ਼ ਗਰੁੱਪ, ਹੁਣੇ ਆਪਣਾ ਖਾਤਾ ਖੋਲ੍ਹੋ… |
| Voice-over: | Think sure-win investment options are just lying around?<br>One click on the wrong link can bring disaster | ਵੌਇਸ-ਓਵਰ: | ਸੋਚਦੇ ਹੋ ਕਿ ਯਕੀਨੀ-ਜਿੱਤ ਵਾਲੇ ਨਿਵੇਸ਼ ਦੇ ਵਿਕਲਪ ਸਿਰਫ਼ ਬੇਠੇ ਮਿਲ ਜਾਂਦੇ ਹਨ?<br>ਗਲਤ ਲਿੰਕ 'ਤੇ ਇੱਕ ਕਲਿੱਕ ਨਾਲ ਤਬਾਹੀ ਆ ਸਕਦੀ ਹੈ |
| Superimposed text: | Please click the link to download the app<br>and provide your personal information, ID number,<br>bank account login name and password<br>http://xxbank.vip/ | ਸਕਰੀਨ ’ਤੇ ਲਿਖਿਆ ਟੈਕਸਟ: | ਕਿਰਪਾ ਕਰਕੇ ਐਪ ਡਾਊਨਲੋਡ ਕਰਨ ਲਈ ਲਿੰਕ ’ਤੇ ਕਲਿੱਕ ਕਰੋ ਅਤੇ ਆਪਣੀ ਨਿੱਜੀ ਜਾਣਕਾਰੀ, ID ਨੰਬਰ, ਬੈਂਕ ਖਾਤੇ ਦਾ ਲਾਗਇਨ ਨਾਮ ਅਤੇ ਪਾਸਵਰਡ ਦਿਓ<br>http://xxbank.vip/ |
| Voice-over: | Be cautious of fake links<br>or you will regret it for life | ਵੌਇਸ-ਓਵਰ: | ਜਾਅਲੀ ਲਿੰਕ ਤੋਂ ਸਾਵਧਾਨ ਰਹੋ, ਨਹੀਂ ਤਾਂ ਤੁਸੀਂ ਸਾਰੀ ਜ਼ਿੰਦਗੀ ਪਛਤਾਓਗੇ |

| | | | |
|---|---|---|---|
| Son: | My money and personal information! | ਪੁੱਤਰ: | ਮੇਰੇ ਪੈਸੇ ਅਤੇ ਨਿੱਜੀ ਜਾਣਕਾਰੀ! |
| Voice-over: | Click the links<br>fall for scams | ਵੌਇਸ-ਓਵਰ: | ਲਿੰਕ ’ਤੇ ਕਲਿੱਕ ਕਰੋ, ਧੋਖੇਬਾਜ਼ੀ ਵਿੱਚ ਫਸੋ |
| Superimposed text: | Click the links<br>Fall for scams | ਸਕਰੀਨ ’ਤੇ ਲਿਖਿਆ ਟੈਕਸਟ: | ਲਿੰਕ ’ਤੇ ਕਲਿੱਕ ਕਰੋ, ਧੋਖੇਬਾਜ਼ੀ ਵਿੱਚ ਫਸੋ |

**"ਧੋਖੇਬਾਜ਼ੀ ਤੋਂ ਬਚਣ ਦੇ ਤਿੰਨ ਤਰੀਕੇ" - ਵਿੰਟੇਜ ਕੈਂਟੋਨੀਜ਼ ਐਂਟੀ-ਸਕੈਮ ਵੀਡੀਓ (1):**

**ਕਾਨੂੰਨ ਲਾਗੂ ਕਰਨ ਵਾਲਿਆਂ ਦੀ ਝੂਠੀ ਪਹਿਚਾਣ ਨਾਲ ਕੀਤੀ ਧੋਖੇਬਾਜ਼ੀ ਤੋਂ ਸੁਰੱਖਿਆ**

ਵੀਡੀਓ ਲਿੰਕ: https://www.youtube.com/watch?v=4dLS5soS0fI&t=2s

| **English** | | **Translation** | |
|---|---|---|---|
| Superimposed text: | Vintage Cantonese Anti-Scam Video (1) | ਸਕਰੀਨ 'ਤੇ ਲਿਖਿਆ ਟੈਕਸਟ: | ਵਿੰਟੇਜ ਕੈਂਟੋਨੀਜ਼ ਐਂਟੀ-ਸਕੈਮ ਵੀਡੀਓ (1): |
| Leading actress: | Who's calling? | ਪ੍ਰਮੁੱਖ ਅਦਾਕਾਰਾ: | ਕੌਣ ਬੋਲ ਰਿਹਾ ਹੈ? |
| Scammer: | I am a law enforcement officer. You have committed an offence! | ਸਕੈਮਰ: | ਮੈਂ ਕਾਨੂੰਨ ਲਾਗੂ ਕਰਨ ਵਾਲਾ ਅਧਿਕਾਰੀ ਹਾਂ। ਤੁਸੀਂ ਇੱਕ ਅਪਰਾਧ ਕੀਤਾ ਹੈ! |
| Leading actress: | How could I have committed any offence?<br>Don't wrong me | ਪ੍ਰਮੁੱਖ ਅਦਾਕਾਰਾ: | ਮੈਂ ਕੋਈ ਅਪਰਾਧ ਕਿਵੇਂ ਕਰ ਸਕਦੀ ਹਾਂ?<br>ਮੈਨੂੰ ਗਲਤ ਨਾ ਸਮਝੋ |
| Scammer: | You know it well whether you have committed an offence or not<br>I have issued an arrest warrant against you | ਸਕੈਮਰ: | ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਤੁਸੀਂ ਕੋਈ ਅਪਰਾਧ ਕੀਤਾ ਹੈ ਜਾਂ ਨਹੀਂ<br>ਮੈਂ ਤੁਹਾਡੇ ਖ਼ਿਲਾਫ਼ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਹੈ |
| Leading actress: | What? | ਪ੍ਰਮੁੱਖ ਅਦਾਕਾਰਾ: | ਕੀ? |

| | | | |
|---|---|---|---|
| Scammer: | Cooperate and give me your bank account number and password<br>Otherwise, you will be sent to prison | ਸਕੈਮਰ: | ਸਹਿਯੋਗ ਕਰੋ ਅਤੇ ਮੈਨੂੰ ਆਪਣਾ ਬੈਂਕ ਖਾਤਾ ਨੰਬਰ ਅਤੇ ਪਾਸਵਰਡ ਦਿਓ<br>ਨਹੀਂ ਤਾਂ, ਤੁਹਾਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ |
| Leading actress: | No way!<br>My...my...<br>My account number is... | ਪ੍ਰਮੁੱਖ ਅਦਾਕਾਰਾ: | ਨਹੀਂ!<br>ਮੇਰਾ...ਮੇਰਾ...<br>ਮੇਰਾ ਖਾਤਾ ਨੰਬਰ ਹੈ... |
| Male host of TV promotional video: | Scammers have many tricks; believe them and you'll be in a fix | ਟੀਵੀ ਪ੍ਰਚਾਰ ਵੀਡੀਓ ਦਾ ਪੁਰਸ਼ ਹੋਸਟ: | ਧੋਖੇਬਾਜ਼ਾਂ ਕੋਲ ਕਈ ਤਰੀਕੇ ਹੁੰਦੇ ਹਨ; ਉਨ੍ਹਾਂ ’ਤੇ ਭਰੋਸਾ ਕੀਤਾ ਤਾਂ ਮੁਸੀਬਤ ਵਿੱਚ ਫਸ ਜਾਓਗੇ |
| Leading actress: | Humph!<br>Needless to say<br>This person must be a scammer | ਪ੍ਰਮੁੱਖ ਅਦਾਕਾਰਾ: | ਹੂੰਹ!<br>ਕਹਿਣ ਦੀ ਲੋੜ ਨਹੀਂ<br>ਇਹ ਵਿਅਕਤੀ ਜ਼ਰੂਰ ਧੋਖੇਬਾਜ਼ ਹੈ |
| Leading actress: | Let me apply the "Three Anti-Scam Tactics" | ਪ੍ਰਮੁੱਖ ਅਦਾਕਾਰਾ: | ਮੈਨੂੰ “ਧੋਖੇਬਾਜ਼ੀ ਤੋਂ ਬਚਣ ਦੇ ਤਿੰਨ ਤਰੀਕੇ” ਅਪਨਾਉਣ ਦਿਓ |
| Superimposed text: | Three Anti-Scam Tactics | ਸਕਰੀਨ ’ਤੇ ਲਿਖਿਆ ਟੈਕਸਟ: | ਧੋਖੇਬਾਜ਼ੀ ਤੋਂ ਬਚਣ ਦੇ ਤਿੰਨ ਤਰੀਕੇ |
| Leading actress: | Keep Calm | ਪ੍ਰਮੁੱਖ ਅਦਾਕਾਰਾ: | ਸ਼ਾਂਤ ਰਹੋ |
| Superimposed text: | Keep Calm<br>Keep calm, don't panic | ਸਕਰੀਨ ’ਤੇ ਲਿਖਿਆ ਟੈਕਸਟ: | ਸ਼ਾਂਤ ਰਹੋ<br>ਸ਼ਾਂਤ ਰਹੋ, ਘਬਰਾਓ ਨਾ |

| | | | |
|---|---|---|---|
| Leading actress: | Give Nothing | ਪ੍ਰਮੁੱਖ ਅਦਾਕਾਰਾ: | ਕੁਝ ਨਾ ਦਿਓ |
| Superimposed text: | Give Nothing<br>Give no personal data or money | ਸਕਰੀਨ ’ਤੇ ਲਿਖਿਆ ਟੈਕਸਟ: | ਕੁਝ ਨਾ ਦਿਓ<br>ਕੋਈ ਵੀ ਨਿੱਜੀ ਡੇਟਾ ਜਾਂ ਪੈਸਾ ਨਾ ਦਿਓ |
| Leading actress: | Verify and Seek Help | ਪ੍ਰਮੁੱਖ ਅਦਾਕਾਰਾ: | ਪੁਸ਼ਟੀ ਕਰੋ ਅਤੇ ਮਦਦ ਲਵੋ |
| Superimposed text: | Verify and Seek Help<br>Verify the caller's identity and seek help from others | ਸਕਰੀਨ ’ਤੇ ਲਿਖਿਆ ਟੈਕਸਟ: | ਪੁਸ਼ਟੀ ਕਰੋ ਅਤੇ ਮਦਦ ਲਵੋ<br>ਕਾਲ ਕਰਨ ਵਾਲੇ ਦੀ ਪਛਾਣ ਦੀ ਜਾਂਚ ਕਰੋ ਅਤੇ ਹੋਰਾਂ ਤੋਂ ਮਦਦ ਲਵੋ |
| Scammer: | You have your tactics, but I have an arrest warrant<br>I am only following instructions on this<br>Hurry up and hand over your money and bank account password | ਸਕੈਮਰ: | ਤੁਹਾਡੇ ਕੋਲ ਆਪਣੇ ਤਰੀਕੇ ਹਨ, ਪਰ ਮੇਰੇ ਕੋਲ ਗ੍ਰਿਫ਼ਤਾਰੀ ਵਾਰੰਟ ਹੈ।<br>ਮੈਂ ਸਿਰਫ਼ ਹੁਕਮਾਂ ਦੀ ਪਾਲਣਾ ਕਰ ਰਿਹਾ ਹਾਂ।<br>ਜਲਦੀ ਕਰੋ ਅਤੇ ਆਪਣਾ ਪੈਸਾ ਤੇ ਬੈਂਕ ਖਾਤੇ ਦਾ ਪਾਸਵਰਡ ਸੌਂਪ ਦਿਓ। |
| Leading actress: | Ha!<br>Law enforcement officers will not request for account information<br>Your arrest warrant is fake<br>I have discerned your hoax | ਪ੍ਰਮੁੱਖ ਅਦਾਕਾਰਾ: | ਹਾ!<br>ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਕਦੇ ਵੀ ਖਾਤੇ ਦੀ ਜਾਣਕਾਰੀ ਨਹੀਂ ਮੰਗਦੇ |

| | | | |
|---|---|---|---|
| | | | ਤੁਹਾਡਾ ਗਿਰਫ਼ਤਾਰੀ ਵਾਰੰਟ ਨਕਲੀ ਹੈ।<br><br>ਮੈਂ ਤੁਹਾਡੇ ਧੋਖੇ ਨੂੰ ਪਛਾਣ ਲਿਆ ਹੈ |
| Leading actress: | Watch this! | ਪ੍ਰਮੁੱਖ ਅਦਾਕਾਰਾ: | ਇਹ ਦੇਖੋ! |
| Scammer: | Argh... | ਸਕੈਮਰ: | ਅਰਘ... |
| Superimposed text: | The End | ਸਕਰੀਨ ’ਤੇ ਲਿਖਿਆ ਟੈਕਸਟ: | ਅੰਤ |
| Leading actress: | No matter how old the trick is, there are always people who fall for it<br><br>Remember the "Three Anti-Scam Tactics"<br><br>Scammers will no longer be rampant | ਪ੍ਰਮੁੱਖ ਅਦਾਕਾਰਾ: | ਤਰੀਕਾ ਚਾਹੇ ਕਿੰਨਾ ਹੀ ਪੁਰਾਣਾ ਹੋਵੇ, ਕੁਝ ਲੋਕ ਹਮੇਸ਼ਾ ਉਸ ਵਿੱਚ ਫਸ ਜਾਂਦੇ ਹਨ।<br><br>“ਧੋਖੇਬਾਜ਼ੀ ਤੋਂ ਬਚਣ ਦੇ ਤਿੰਨ ਤਰੀਕੇ” ਯਾਦ ਰੱਖੋ।<br><br>ਧੋਖੇਬਾਜ਼ ਹੁਣ ਖੁਲ੍ਹੇਆਮ ਨਹੀਂ ਰਹਿਣਗੇ। |
| Superimposed text: | Remember the "Three Anti-Scam Tactics"! Scammers can no longer play tricks! | ਸਕਰੀਨ ’ਤੇ ਲਿਖਿਆ ਟੈਕਸਟ: | “ਧੋਖੇਬਾਜ਼ੀ ਤੋਂ ਬਚਣ ਦੇ ਤਿੰਨ ਤਰੀਕੇ” ਯਾਦ ਰੱਖੋ! ਧੋਖੇਬਾਜ਼ ਹੁਣ ਚਾਲਾਂ ਨਹੀਂ ਚੱਲ ਸਕਣਗੇ! |
| Leading actress: | In addition, the HKMA has launched the "Money Safe" service<br><br>Just like a safe, it adds an extra layer of protection for deposits | ਪ੍ਰਮੁੱਖ ਅਦਾਕਾਰਾ: | ਇਸ ਤੋਂ ਇਲਾਵਾ, HKMA ਨੇ "ਮਨੀ ਸੇਫ਼" ਸੇਵਾ ਸ਼ੁਰੂ ਕੀਤੀ ਹੈ<br><br>ਤਿਜੋਰੀ ਵਾਂਗ, ਇਹ ਜਮ੍ਹਾਂ ਰਕਮ ਲਈ ਵਾਧੂ ਸੁਰੱਖਿਆ ਪਰਤ ਜੋੜਦੀ ਹੈ। |

| | | | |
|---|---|---|---|
| Superimposed text: | Money Safe | ਸਕਰੀਨ ’ਤੇ ਲਿਖਿਆ ਟੈਕਸਟ: | ਮਨੀ ਸੇਫ਼ |
| Leading actress: | Contact your bank for details now | ਪ੍ਰਮੁੱਖ ਅਦਾਕਾਰਾ: | ਹੋਰ ਜਾਣਕਾਰੀ ਲਈ ਹੁਣੇ ਆਪਣੇ ਬੈਂਕ ਨਾਲ ਸੰਪਰਕ ਕਰੋ। |
| Superimposed text: | (Hong Kong Monetary Authority Logo) | ਸਕਰੀਨ ’ਤੇ ਲਿਖਿਆ ਟੈਕਸਟ: | (ਹਾਂਗ ਕਾਂਗ ਮੋਨਿਟਰੀ ਅਥਾਰਟੀ ਦਾ ਲੋਗੋ) |

**“ਧੋਖੇਬਾਜ਼ੀ ਤੋਂ ਬਚਣ ਦੇ ਤਿੰਨ ਤਰੀਕੇ” - ਵਿੰਟੇਜ ਕੈਂਟੋਨੀਜ਼ ਐਂਟੀ-ਸਕੈਮ ਵੀਡੀਓ (2):**

**ਡੀਪਫੇਕ ਤਕਨਾਲੋਜੀ ਖ਼ਿਲਾਫ਼ ਕਾਰਵਾਈ**

ਵੀਡੀਓ ਲਿੰਕ: https://www.youtube.com/watch?v=VJvrWYZBvBw&t=5s

| **English** | | **Translation** | |
|---|---|---|---|
| Superimposed text: | Vintage Cantonese Anti-Scam Video (2) | ਸਕਰੀਨ ’ਤੇ ਲਿਖਿਆ ਟੈਕਸਟ: | ਵਿੰਟੇਜ ਕੈਂਟੋਨੀਜ਼ ਐਂਟੀ-ਸਕੈਮ ਵੀਡੀਓ (2) |
| Superimposed text: | Three months ago | ਸਕਰੀਨ ’ਤੇ ਲਿਖਿਆ ਟੈਕਸਟ: | ਤਿੰਨ ਮਹੀਨੇ ਪਹਿਲਾਂ |
| Son: | I am leaving for the capital for business<br><br>Father, take good care of yourself! | ਪੁੱਤਰ: | ਮੈਂ ਕਾਰੋਬਾਰ ਲਈ ਰਾਜਧਾਨੀ ਜਾ ਰਿਹਾ ਹਾਂ<br><br>ਪਿਤਾ ਜੀ, ਆਪਣਾ ਧਿਆਨ ਰੱਖਿਓ! |
| Father: | Be careful and stay safe | ਪਿਤਾ: | ਸਾਵਧਾਨ ਰਹਿਣਾ ਅਤੇ ਸੁਰੱਖਿਅਤ ਰਹਿਣਾ |
| Fake Son: | Father! Save me! | ਨਕਲੀ ਪੁੱਤਰ: | ਪਿਤਾ ਜੀ! ਮੈਨੂੰ ਬਚਾਓ! |
| Father: | Why are you so scared? | ਪਿਤਾ: | ਤੂੰ ਇੰਨਾ ਡਰਿਆ ਹੋਇਆ ਕਿਉਂ ਹੈਂ? |
| Fake Son: | I was robbed by bandits on the way to the capital<br><br>I lost all my goods and money, and I could not deliver the goods on time<br><br>I need to compensate the clients for their losses! | ਨਕਲੀ ਪੁੱਤਰ: | ਰਾਜਧਾਨੀ ਜਾਂਦੇ ਰਾਹ ਵਿੱਚ ਡਾਕੂਆਂ ਨੇ ਮੈਨੂੰ ਲੁੱਟ ਲਿਆ<br><br>ਮੇਰਾ ਸਾਰਾ ਸਮਾਨ ਅਤੇ ਪੈਸਾ ਖੋਹ ਲਿਆ ਗਿਆ, ਅਤੇ ਮੈਂ |

| | | | |
|---|---|---|---|
| | Transfer money to the account which I've just sent you immediately! | | ਸਮੇਂ 'ਤੇ ਸਮਾਨ ਨਹੀਂ ਪਹੁੰਚਾ ਸਕਿਆ<br>ਮੈਨੂੰ ਗਾਹਕਾਂ ਦੇ ਨੁਕਸਾਨ ਦੀ ਭਰਪਾਈ ਕਰਨੀ ਪਏਗੀ!<br>ਜੋ ਖਾਤਾ ਨੰਬਰ ਮੈਂ ਹੁਣੇ ਤੁਹਾਨੂੰ ਭੇਜਿਆ ਹੈ, ਉਸ ਵਿੱਚ ਤੁਰੰਤ ਪੈਸੇ ਟ੍ਰਾਂਸਫਰ ਕਰੋ! |
| Father: | For my son's sake, I had no choice but to… | ਪਿਤਾ: | ਮੇਰੇ ਪੁੱਤਰ ਦੀ ਖ਼ਾਤਰ, ਮੇਰੇ ਕੋਲ ਇਸ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ… |
| Master: | Hold on<br>What is fake looks real while what is real looks fake<br>Sir<br>Let me share with you the "Three Anti-Scam Tactics"! | ਮਾਸਟਰ: | ਰੁਕੋ<br>ਜੋ ਨਕਲੀ ਹੈ ਉਹ ਅਸਲੀ ਲੱਗਦਾ ਹੈ ਜਦੋਂ ਕਿ ਜੋ ਅਸਲੀ ਹੈ ਉਹ ਨਕਲੀ ਲੱਗਦਾ ਹੈ<br>ਸਰ<br>ਮੈਨੂੰ ਤੁਹਾਨੂੰ "ਧੋਖੇਬਾਜ਼ੀ ਤੋਂ ਬਚਣ ਦੇ ਤਿੰਨ ਤਰੀਕੇ" ਦੱਸਣ ਦਿਓ! |
| Superimposed text: | Three Anti-Scam Tactics | ਸਕਰੀਨ 'ਤੇ ਲਿਖਿਆ ਟੈਕਸਟ: | ਧੋਖੇਬਾਜ਼ੀ ਤੋਂ ਬਚਣ ਦੇ ਤਿੰਨ ਤਰੀਕੇ |
| Master: | Tactic One<br>Keep Calm | ਮਾਸਟਰ: | ਪਹਿਲਾ ਤਰੀਕਾ<br>ਸ਼ਾਂਤ ਰਹੋ |

| | | | |
|---|---|---|---|
| Superimposed text: | Keep Calm<br>Keep calm, don't panic | ਸਕਰੀਨ ’ਤੇ ਲਿਖਿਆ ਟੈਕਸਟ: | ਸ਼ਾਂਤ ਰਹੋ<br>ਸ਼ਾਂਤ ਰਹੋ, ਘਬਰਾਓ ਨਾ |
| Master: | Tactic Two<br>Give Nothing | ਮਾਸਟਰ: | ਦੂਜਾ ਤਰੀਕਾ<br>ਕੁਝ ਵੀ ਨਾ ਦਿਓ |
| Superimposed text: | Give Nothing<br>Give no personal data or money | ਸਕਰੀਨ ’ਤੇ ਲਿਖਿਆ ਟੈਕਸਟ: | ਕੁਝ ਵੀ ਨਾ ਦਿਓ<br>ਕੋਈ ਵੀ ਨਿੱਜੀ ਜਾਣਕਾਰੀ ਜਾਂ ਪੈਸਾ ਨਾ ਦਿਓ |
| Master: | Tactic Three<br>Verify and Seek Help | ਮਾਸਟਰ: | ਤੀਜਾ ਤਰੀਕਾ<br>ਪੁਸ਼ਟੀ ਕਰੋ ਅਤੇ ਮਦਦ ਲਵੋ |
| Superimposed text: | Verify and Seek Help<br>Verify the caller's identity and seek help from others | ਸਕਰੀਨ ’ਤੇ ਲਿਖਿਆ ਟੈਕਸਟ: | ਪੁਸ਼ਟੀ ਕਰੋ ਅਤੇ ਮਦਦ ਲਵੋ<br>ਕਾਲ ਕਰਨ ਵਾਲੇ ਦੀ ਪਛਾਣ ਦੀ ਪੁਸ਼ਟੀ ਕਰੋ ਅਤੇ ਹੋਰਾਂ ਤੋਂ ਮਦਦ ਲਵੋ |
| Master: | Sir, remember these words | ਮਾਸਟਰ: | ਸਰ, ਇਹ ਗੱਲਾਂ ਯਾਦ ਰੱਖੋ |
| Father: | Your uncle is an official working in the capital<br>Why not reach out to him for help? | ਪਿਤਾ: | ਤੇਰਾ ਚਾਚਾ ਰਾਜਧਾਨੀ ਵਿੱਚ ਅਧਿਕਾਰੀ ਹੈ<br>ਉਸ ਨੂੰ ਮਦਦ ਲਈ ਸੰਪਰਕ ਕਿਉਂ ਨਹੀਂ ਕੀਤਾ ਨਾ ਕੀਤਾ ਜਾਵੇ? |

| | | | |
|---|---|---|---|
| Fake Son: | Uncle is overwhelmed with responsibilities and not available! | ਨਕਲੀ ਪੁੱਤਰ: | ਚਾਚਾ ਜ਼ਿੰਮੇਵਾਰੀਆਂ ਨਾਲ ਘਿਰਿਆ ਹੋਇਆ ਹੈ ਅਤੇ ਉਪਲਬਧ ਨਹੀਂ ਹੈ! |
| Father: | Humph!  Uncle has already retired and returned home!<br>You evil monster!<br>How dare you impersonate my beloved son using “deepfake”! | ਪਿਤਾ: | ਹੂੰਹ! ਤੇਰਾ ਚਾਚਾ ਤਾਂ ਪਹਿਲਾਂ ਹੀ ਰਿਟਾਇਰ ਹੋ ਕੇ ਘਰ ਵਾਪਸ ਆ ਗਿਆ ਹੈ!<br>ਦੁਸ਼ਟ ਰਾਖਸ਼!<br>“ਡੀਪਫੇਕ” ਦੀ ਵਰਤੋਂ ਕਰਕੇ ਮੇਰੇ ਪਿਆਰੇ ਪੁੱਤਰ ਦੀ ਨਕਲ ਕਰਨ ਦੀ ਹਿੰਮਤ ਕਿਵੇਂ ਹੋਈ! |
| Superimposed text: | Goodbye | ਸਕਰੀਨ ’ਤੇ ਲਿਖਿਆ ਟੈਕਸਟ: | ਅਲਵਿਦਾ |
| Master: | No matter how old the trick is, there are always people who fall for it<br>Remember the "Three Anti-Scam Tactics"<br>Scammers will no longer be rampant | ਮਾਸਟਰ: | ਤਰੀਕਾ ਚਾਹੇ ਕਿੰਨਾ ਹੀ ਪੁਰਾਣਾ ਹੋਵੇ, ਕੁਝ ਲੋਕ ਹਮੇਸ਼ਾ ਉਸ ਵਿੱਚ ਫਸ ਜਾਂਦੇ ਹਨ।<br>“ਧੋਖੇਬਾਜ਼ੀ ਤੋਂ ਬਚਣ ਦੇ ਤਿੰਨ ਤਰੀਕੇ” ਯਾਦ ਰੱਖੋ।<br>ਧੋਖੇਬਾਜ਼ ਹੁਣ ਖੁਲ੍ਹੇ ਆਮ ਨਹੀਂ ਰਹਿਣਗੇ। |
| Superimposed text: | Remember the "Three Anti-Scam Tactics"! Scammers can no longer play tricks! | ਸਕਰੀਨ ’ਤੇ ਲਿਖਿਆ ਟੈਕਸਟ: | “ਧੋਖੇਬਾਜ਼ੀ ਤੋਂ ਬਚਣ ਦੇ ਤਿੰਨ ਤਰੀਕੇ” ਯਾਦ ਰੱਖੋ! ਧੋਖੇਬਾਜ਼ ਹੁਣ ਚਾਲਾਂ ਨਹੀਂ ਚੱਲ ਸਕਣਗੇ! |

| | | | |
|---|---|---|---|
| Master: | In addition, the HKMA has launched the "Money Safe" service | ਮਾਸਟਰ: | ਇਸ ਤੋਂ ਇਲਾਵਾ, HKMA ਨੇ "ਮਨੀ ਸੇਫ਼" ਸੇਵਾ ਸ਼ੁਰੂ ਕੀਤੀ ਹੈ |
| Superimposed text: | Money Safe | ਸਕਰੀਨ ’ਤੇ ਲਿਖਿਆ ਟੈਕਸਟ: | ਮਨੀ ਸੇਫ਼ |
| Master: | Just like a treasure box, it adds an extra layer of protection for deposits<br>Contact your bank for details now | ਮਾਸਟਰ: | ਖਜ਼ਾਨੇ ਦੇ ਬਕਸੇ ਵਾਂਗ, ਇਹ ਜਮ੍ਹਾਂ ਰਕਮ ਲਈ ਇਕ ਵਾਧੂ ਸੁਰੱਖਿਆ ਪਰਤ ਜੋੜਦੀ ਹੈ<br>ਹੋਰ ਜਾਣਕਾਰੀ ਲਈ ਹੁਣੇ ਆਪਣੇ ਬੈਂਕ ਨਾਲ ਸੰਪਰਕ ਕਰੋ। |
| Superimposed text: | (Hong Kong Monetary Authority Logo) | ਸਕਰੀਨ ’ਤੇ ਲਿਖਿਆ ਟੈਕਸਟ: | (ਹਾਂਗ ਕਾਂਗ ਮੋਨਿਟਰੀ ਅਥਾਰਟੀ ਦਾ ਲੋਗੋ) |